## ਦਫਤਰ ਨਗਰ ਨਿਗਮ ਹੁਸ਼ਿਆਰਪੁਰ
## ਪ੍ਰੈਸ ਨੋਟ

# ਜਾਈਦਾਦ ਟੈਕਸ ਨਾ ਦੇਣ ਵਾਲੇ 6 ਦੁਕਾਨਦਾਰਾਂ ਨੂੰ 112(ਏ) ਦੇ ਨੋਟਿਸ ਦਿੱਤੇ ਗਏ .........ਕਮਿਸ਼ਨਰ ਨਗਰ ਨਿਗਮ

ਹੁਸ਼ਿਆਰਪੁਰ 22 ਮਈ ਨਗਰ ਨਿਗਮ ਦੇ ਸੁਪਰਡੰਟ ਸੁਆਮੀ ਸਿੰਘ ਦੀ ਅਗਵਾਈ ਵਿਚ ਇੰਸਪੈਕਟਰ ਕੇਹਰ ਸਿੰਘ, ਮੁਕਲ ਕੇਸਰ, ਕੁਲਵਿੰਦਰ ਸਿੰਘ ਅਤੇ ਲੇਖ ਰਾਜ ਨੂੰ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਵਿਚ ਪ੍ਰਾਪਰਟੀ ਟੈਕਸ ਦੀ ਚੈਕਿੰਗ ਸਬੰਧੀ ਭੇਜਿਆ ਗਿਆ। ਜਿਸ ਵੱਲੋਂ 6 ਦੁਕਾਨਦਾਰਾਂ ਨੂੰ 112 ਏ ਦੇ ਨੋਟਿਸ ਜਾਰੀ ਕੀਤੇ ਗਏ ਹਨ। ਇਹ ਜਾਣਕਾਰੀ ਕਮਿਸ਼ਨਰ ਨਗਰ ਨਿਗਮ ਸ਼੍ਰੀ ਅਨੰਦ ਸਾਗਰ ਸ਼ਰਮਾ ਨੇ ਦਿੰਦਿਆਂ ਦੱਸਿਆ ਕਿ ਸ਼ਹਿਰ ਦੇ ਕਾਫੀ ਪ੍ਰਾਪਰਟੀ ਮਾਲਕਾਂ ਵੱਲੋਂ ਅਜੇ ਤੱਕ ਪ੍ਰਾਪਰਟੀ ਟੈਕਸ ਜਮ੍ਹਾ ਨਹੀ ਕਰਵਾਇਆ ਗਿਆ ਹੈ, ਇਸ ਸਬੰਧੀ ਚੈਕਿੰਗ ਕਰਨ ਲਈ ਵਿਸ਼ੇਸ਼ ਟੀਮ ਨੂੰ ਭੇਜਿਆ ਗਿਆ, ਜਿਸ ਨੇ ਮਾਲ ਰੋਡ, ਸੁਤੈਹਰੀ ਰੋਡ ਆਦਿ ਵਿਚ ਜਾ ਕੇ ਪ੍ਰਾਪਰਟੀ ਟੈਕਸ ਦੀਆਂ ਰਸੀਦਾਂ ਚੈਕ ਕੀਤੀਆਂ ਜਿਨ੍ਹਾਂ ਦੁਕਾਨਦਾਰਾਂ ਵੱਲੋਂ ਰਸੀਦਾਂ ਨਹੀ ਦਿਖਾਈਆਂ ਗਈਆਂ ਉਹਨਾਂ ਨੂੰ 112 ਏ ਨੋਟਿਸ ਮੌਕੇ ਤੇ ਜਾਰੀ ਕੀਤੇ ਅਤੇ ਉਹਨਾਂ ਨੂੰ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਸਬੰਧੀ ਹਦਾਇਤ ਕੀਤੀ। ਉਹਨਾਂ ਦੱਸਿਆ ਕਿ ਸ਼ਹਿਰ ਵਾਸੀ ਆਪਣਾ ਬਣਦਾ ਪ੍ਰਾਪਰਟੀ ਟੈਕਸ ਨਗਰ ਨਿਗਮ ਦੇ ਦਫ਼ਤਰ ਵਿਚ ਸਮੇਂ ਸਿਰ ਜਮ੍ਹਾਂ ਕਰਵਾਉਣ, ਟੈਕਸ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿਚ ਉਹਨਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗ।